**International Journal of Multidisciplinary Research and Development**
**Online ISSN: 2349-4182 Print ISSN: 2349-5979**
**www.allsubjectjournal.com**
**Volume 2; Issue 12; December 2015; Page No. 537-539**

# ਪੰਜਾਬੀ ਸੂਫ਼ੀ ਕਾਵਿ ਰੂਪਾਂ ਨਾਲ ਜਾਣ ਪਛਾਣ

**Harwant Singh Bains**
Aklia College, Bathinda, Punjab, India

ਪੰਜਾਬੀ ਸਾਹਿਤ ਇਤਿਹਾਸ ਵਿਚ ਸੂਫ਼ੀ ਕਾਵਿ ਦਾ ਵਿਸ਼ੇਸ਼ ਸਥਾਨ ਹੈ। ਸੂਫ਼ੀ ਕਾਵਿ ਸੂਫ਼ੀ ਵਿਚਾਰਧਾਰਾ ਉੱਤੇ ਆਧਾਰਿਤ ਕਾਵਿ ਧਾਰਾ ਹੈ। ਪੰਜਾਬੀ ਸੂਫ਼ੀ ਕਾਵਿ ਨੂੰ ਕਲਮਬੱਧ ਕਰਨ ਵਿੱਚ ਸ਼ੇਖ ਫਰੀਦ, ਸ਼ਾਹ ਹੁਸੈਨ, ਸੁਲਤਾਨ ਬਾਹੂ, ਸ਼ਾਹ ਸ਼ਰਫ ਬਟਾਲਵੀ, ਵਜੀਦ, ਬੁੱਲ੍ਹੇ ਸ਼ਾਹ, ਅਲੀ ਹੈਦਰ, ਫ਼ਰਦ ਫ਼ਕੀਰ, ਹਾਸ਼ਮ ਸ਼ਾਹ, ਗੁਲਾਮ ਫ਼ਰੀਦ ਅਤੇ ਮੀਰਾ ਸ਼ਾਹ ਜਲੰਧਰੀ ਆਦਿ ਸੂਫ਼ੀ ਕਵੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਇਹਨਾਂ ਸੂਫੀ ਕਵੀਆਂ ਨੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਢੁੱਕਵੇਂ ਕਾਵਿ-ਰੂਪਾਂ ਵਿਚ ਕੀਤੀ। ਪੰਜਾਬੀ ਸਾਹਿਤ ਕੋਸ਼ ਅਨੁਸਾਰ, ''ਕਾਵਿ ਦਾ ਭਾਵ ਅਜਿਹੀ ਰਚਨਾ ਤੋਂ ਹੈ ਜਿਸ ਵਿੱਚ ਸੁੰਦਰ ਵਿਚਾਰ ਸੋਹਣੇ ਅਤੇ ਦਿਲ ਖਿੱਚਵੇਂ ਢੰਗ ਨਾਲ ਪੇਸ਼ ਕੀਤੇ ਗਏ ਹੋਣ। ਇਹ ਇਕ ਸੂਖਮ ਕਲਾ ਹੈ, ਜਿਸ ਦਾ ਮੁੱਖ ਉਦੇਸ਼ ਸੁਹਜ ਸੁਆਦ ਉਪਜਾਉਣਾ ਅਤੇ ਚੰਗੇ ਜੀਵਨ ਲਈ ਪ੍ਰੇਰਣਾ ਦੇਣਾ ਹੈ।''[1] ਇਨਸਾਈਕਲੋਪੀਡੀਆਂ ਆਫ਼ ਸ਼ੋਸ਼ਲ ਸਾਇੰਸ ਅਨੁਸਾਰ, ''ਕਾਵਿ ਉਹ ਹੈ ਜੋ ਮਨੁੱਖੀ ਮਨ ਦੀਆਂ ਹੇਠਲੀਆਂ ਪਰਤਾਂ ਨੂੰ ਨੰਗਿਆਂ ਕਰਦਾ ਹੈ, ਭਾਵਨਾਵਾਂ ਨੂੰ ਸਾਹਮਣੇ ਲਿਆਉਂਦਾ ਹੈ। ਇਹ ਕਿਸੇ ਖ਼ਾਸ ਸਭਿਆਚਾਰ ਦੀਆਂ ਹੱਦਾਂ ਨੂੰ ਲੰਘ ਜਾਣ ਦੀ ਸਮੱਰਥਾ ਰੱਖਦਾ ਹੈ। ਇਹ ਮਨੁੱਖ ਮਨ ਦੀ ਸਰਵਵਿਆਪੀ ਬੋਲੀ ਹੁੰਦੀ ਹੈ।''[2] ਡਾ. ਸਤਿੰਦਰ ਸਿੰਘ ਅਨੁਸਾਰ, ''ਕਾਵਿ ਨੂੰ ਇੱਕ ਰਸਮਈ ਬਾਣੀ ਆਖਿਆ ਜਾਂਦਾ ਹੈ। ਇਸ ਵਿੱਚ ਗਿਆਨ ਦੇ ਮਨੋਭਾਵ, ਬੁੱਧਈ ਤੇ ਕਲਪਨਾ, ਅਰਥ ਤੇ ਬਿੰਬ ਨਾਲ-ਨਾਲ ਸੰਗਠਿਤ ਹੋਏ ਮਿਲਦੇ ਹਨ।''[3]

ਇਸ ਤਰ੍ਹਾਂ ਇਹ ਕਾਵਿ ਸੁਹਜ ਦੀ ਤ੍ਰਿਪਤੀ ਕਰਾਉਣ ਵਾਲੀ ਕਲਾ ਹੈ। ਇਹ ਪਾਠਕ ਦੇ ਸੁਹਜ-ਆਨੰਦ ਦੇ ਨਾਲ ਨਾਲ ਉਸਦੇ ਗਿਆਨ ਨੂੰ ਵਿਸ਼ਾਲ ਵੀ ਕਰਦੀ ਹੈ। ਕਾਵਿ ਸ਼ਾਸਤਰੀਆਂ ਨੇ ਕਾਵਿ ਦੇ 10-11 ਤੱਤ ਮੰਨੇ ਹਨ, ਜਿਵੇਂ: ਭਾਵ, ਵਿਚਾਰ, ਕਲਪਨਾ, ਕਾਵਿ-ਰਸ, ਅਲੰਕਾਰ, ਪ੍ਰਤੀਕ, ਬਿੰਬ, ਕਾਵਿ-ਸ਼ੈਲੀ, ਛੰਦ ਅਤੇ ਸੰਗੀਤ ਆਦਿ। ਸੂਫ਼ੀ ਕਵੀਆਂ ਨੇ ਸੂਫ਼ੀ ਕਾਵਿ-ਰੂਪਾਂ ਦੇ ਅੰਤਰਗਤ ਸਲੋਕ, ਸ਼ਬਦ, ਸੀਹਰਫ਼ੀ, ਬਾਰਾਂਮਾਹ, ਸਤਵਾਰਾਂ/ਅਠਵਾਰਾਂ, ਗੰਢਾਂ, ਡਿਉਢਾਂ, ਦੋਹੜੇ ਆਦਿ ਦੀ ਰਚਨਾ ਕੀਤੀ ਹੈ।

## ਸਲੋਕ

'ਸਲੋਕ' ਪੰਜਾਬੀ ਕਾਵਿ-ਧਾਰਾ ਵਿੱਚ ਵਰਤਿਆ ਜਾਣ ਵਾਲਾ ਵਿਸ਼ੇਸ਼ ਕਾਵਿ-ਰੂਪ ਹੈ। ''ਸਲੋਕ ਸ਼ਬਦ ਦਾ ਸਾਧਾਰਨ ਅਰਥ ਹੈ ਯਸ਼ ਦਾ ਗੀਤ, ਪ੍ਰਸ਼ੰਸਾ, ਉਸਤਤਿ ਜਾਂ ਤਰੀਫ।''[4] ਇਸ ਕਾਵਿ ਰੂਪ ਦੁਆਰਾ ਸੂਫ਼ੀ ਕਵੀਆਂ ਨੇ ਪ੍ਰਭੂ ਪਰਮਾਤਮਾ/ਖੁਦਾ ਦੀ ਪ੍ਰਸ਼ੰਸਾ ਅਰਥਾਤ ਸਿਫ਼ਤ ਸਲਾਹ ਕੀਤੀ ਹੈ। ਇਸ ਕਾਵਿ-ਰੂਪ ਵਿੱਚ ਬੇਲੋੜੇ ਵਿਸਥਾਰ ਦੀ ਕੋਈ ਥਾਂ ਨਹੀਂ ਹੈ ਕਿਉਂਕਿ ਸੰਜਮਤਾ ਅਤੇ ਸੰਖੇਪਤਾ ਇਸ ਦੇ ਮੂਲ ਲੱਛਣ ਹਨ। ਉਹੀ ਕਵੀ ਇਸ ਦੁਆਰਾ ਆਪਣੇ ਭਾਵ/ਵਿਚਾਰ ਅਭਿਵਿਅਕਤ ਕਰ ਸਕਦਾ ਹੈ, ਜਿਸ ਨੇ ਆਪਣੀ ਵਿਚਾਰਧਾਰਾ ਵਿੱਚ ਸੰਜਮਤਾ ਧਾਰਨ ਕੀਤੀ ਹੁੰਦੀ ਹੈ। ਸੂਫ਼ੀ ਕਾਵਿ ਵਿੱਚ ਬਾਬਾ ਫ਼ਰੀਦ ਅਤੇ ਵਜੀਦ ਦੇ ਸ਼ਲੋਕ ਵਧੇਰੇ ਮਿਲਦੇ ਹਨ। ਉਦਾਹਰਨ ਲਈ ਬਾਬਾ ਫ਼ਰੀਦ ਦਾ ਸ਼ਲੋਕ ਇਸ ਪ੍ਰਕਾਰ ਹੈ

> ਫ਼ਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ।।
> ਓਲਾ ਤ ਭਿਜੈ ਥੰਬਲੀ ਰਹਾਂ ਤ ਤੁਟੇ ਨੇਹੁ।।

## ਸ਼ਬਦ

ਇਸ ਕਾਵਿ ਰੂਪ ਨੂੰ ਗੁਰਮਤਿ ਅਤੇ ਸੂਫ਼ੀ ਦੋਵਾਂ ਕਾਵਿ ਧਾਰਾਵਾਂ ਵਿੱਚ ਵਿਸ਼ੇਸ਼ ਮਹੱਤਤਾ ਮਿਲੀ ਹੈ। ਇਸ ਕਾਵਿ ਰੂਪ ਅਧਿਆਤਮਿਕ ਪ੍ਰਕਿਰਤੀ ਵਾਲਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ, ''ਸ਼ਬਦ ਦੇ ਕੋਸ਼ਗਤ ਅਰਥ ਹਨ ਧੁਨੀ, ਅਵਾਜ਼.......। ਮਹਾਂ ਪੁਰਸ਼ਾਂ, ਸੰਤਾਂ, ਫਕੀਰਾਂ ਦੇ ਬੋਲ ਜਾਂ ਬਾਣੀ ਦੇ ਪਦਿਆਂ ਨੂੰ ਵੀ ਸ਼ਬਦ ਕਿਹਾ ਜਾਂਦਾ ਹੈ।''[5] ਸ਼ਬਦ ਕਾਵਿ ਰੂਪ ਅਧਿਆਤਮਿਕ ਰਚਨਾ ਹੋਣ ਕਾਰਨ ਇਕ ਉਪਦੇਸ਼ਾਤਮਕ ਰਚਨਾ ਦਾ ਦਰਜ ਵੀ ਪ੍ਰਾਪਤ ਕਰਨ ਯੋਗ ਹੈ। ਸ਼ਬਦ ਵਿੱਚ 'ਰਹਾਉ' ਇਕ ਮਹੱਤਵਪੂਰਨ ਅਤੇ ਕਾਰਜਸ਼ੀਲ ਨਿਯਮ ਹੈ। 'ਰਹਾਉ' ਵਾਲੀ ਸ਼ਤਰ/ਤੁਕ ਵਿੱਚ ਸ਼ਬਦ ਦਾ ਸਾਰ ਦਿੱਤਾ ਹੁੰਦਾ ਹੈ। ਇਸਦੇ ਨਾਲ ਹੀ 'ਰਹਾਉ' ਠਹਿਰਾਉ ਦਾ ਅਰਥ ਵੀ ਪ੍ਰਗਟਾਉਂਦਾ ਹੈ ਕਿ ਕੁਝ ਦੇਰ ਠਹਿਰ ਕੇ ਪਹਿਲਾਂ ਉਚਾਰੇ ਗਏ ਸ਼ਬਦ ਦੇ ਸਾਰ ਤੱਤ ਨੂੰ ਅੰਤਰਮਨ ਜਾਂ ਸੰਗਤ ਵਿੱਚ ਵਿਚਾਰਿਆ ਜਾਵੇ। ਮੁੱਢਲੇ ਸੂਫ਼ੀ ਕਵੀ ਬਾਬਾ ਫਰੀਦ ਜੀ ਦੇ ਚਾਰ ਸ਼ਬਦ (ਦੋ ਰਾਗ ਆਸਾ, ਦੋ ਰਾਗ ਸੂਹੀ) 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹਨ। ਇਥੇ ਫ਼ਰੀਦ ਜੀ ਦੇ ਸ਼ਬਦ ਦੀਆਂ ਕੁਝ ਸਤਰਾਂ ਦਾ ਹਵਾਲਾ ਦੇਣਾ ਸਾਰਥਕ ਹੋਵੇਗਾ ਜਿਵੇਂ :- [6]

> ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ।।
> ਭਰਿ ਸਰਵੁਰ ਜਬ ਊਛਲੈ ਛਬ ਤਰਣੁ ਦੁਹੇਲਾ।।
> ਹਥੁ ਨਾ ਲਾਇ ਕਸੁੰਭੜੇ ਜਲਿ ਜਾਸੀ ਢੋਲਾ।।

## ਕਾਫੀ

ਇਹ ਕਾਵਿ ਰੂਪ ਸੂਫ਼ੀ ਕਵੀਆਂ ਦਾ ਮਨਭਾਉਂਦਾ ਕਾਵਿ ਰੂਪ ਹੈ। ''ਅਰਬੀ ਵਿੱਚ ਕਾਫ਼ੀ ਦਾ ਅਰਥ ਹੈ ਪਿੱਛੇ ਚੱਲਣ ਵਾਲਾ, ਅਨੁਚਰ, ਅਨੁਗਾਮੀ ਛੰਦ ਦਾ ਉਹ ਪਦ, ਜੋ ਸਥਾਈ (ਰਹਾਉ) ਹੋਵੇ, ਜਿਸਦੇ ਪਿੱਛੇ ਹੋਰ ਤੁਕਾਂ ਗਾਉਣ ਸਮੇਂ ਹੈ। ਪ੍ਰਿੰ. ਤੇਜਾ ਸਿੰਘ ਸੂਫ਼ੀ ਕਾਵਿ ਰੂਪ ਕਾਫੀ ਪਰਿਭਾਸ਼ਿਤ ਕਰਦੇ ਲਿਖਦੇ ਹਨ ਕਿ ''ਇਹ ਕੋਈ ਖਾਸ ਰਾਗ ਨਹੀ, ਅਤੇ ਨਾ ਹੀ ਛੰਦਾਬੰਦੀ ਦੀ ਕੋਈ ਖਾਸ ਜ਼ਾਤ ਹੈ ਜਿਸ ਦੀਆਂ ਮਾਤ੍ਰਾ ਦੇ ਰੂਪ ਕਿਸੇ ਨੇਮ ਹੇਠ ਬੰਨ੍ਹੀਆਂ ਜਾ ਸਕਦੀਆਂ ਹੋਣ। ਕਾਫ਼ੀ ਦਾ ਮਾਇਨਾ ਵਾਰ ਵਾਰ ਆਉਣਆ ਹੈ। ਜਦ ਸੂਫ਼ੀ ਫ਼ਕੀਰ ਪ੍ਰੇਮ ਰਸ ਭਰੇ ਪਦ ਗਾਉਣ ਲਈ ਅਖਾੜਾ ਰਚਦੇ ਹਨ, ਤਾਂ ਇਕ ਮੁਖੀਆ ਅੱਗੇ ਅੱਗੇ ਉੱਚੀ ਸੁਰ ਨਾਲ ਰਹੱਬ ਦੇ ਪਿਆਰ ਵਿੱਚ ਕੁਝ ਗਾਉਂਦਾ ਹੈ ਤੇ ਬਾਕੀ ਦੇ ਸਿਰ ਹਿਲਾ ਹਿਲਾ ਕੇ ਤਾਲ ਦਿੰਦੇ ਹਨ, ਪਰ ਜਦੋਂ ਬੰਦ ਦੀ ਅੰਤਲੀ ਸ਼ਤਰ ਆਉਂਦੀ ਹੈ ਤਾਂ ਸਾਰੇ ਰਲ ਕੇ ਉਸਨੂੰ ਗਾਉਂਦੇ ਹਨ। ਬਸ, ਇਕ ਦੇ ਪਿੱਛੇ ਰਲ ਕੇ ਗਾਈ ਜਾਣ ਵਾਲੀ ਧਾਰਨਾ ਦੇ ਸਬੱਬ ਇਸ ਗੀਤ ਦਾ ਨਾਂ ਕਾਫੀ ਪੈ ਗਿਆ।''[7] ਕਾਫ਼ੀ ਨੂੰ ਵਿਸ਼ੇ ਪੱਖੋਂ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ ਇਕ ਉਪਦੇਸ਼ਾਤਮਕ, ਦੂਜਾ ਪ੍ਰੇਮਾਤਮਕ ਕਾਫ਼ੀਆਂ ਵਿੱਚ ਸਰੀਰ/ਸੰਸਾਰ ਦੀ ਨਾਸ਼ਮਾਨਤਾ, ਪ੍ਰਭੂ ਬੰਦਗੀ ਦੀ ਮਹੱਤਤਾ, ਮੁਰਸ਼ਦ ਦੇ ਟੇਕ ਅਤੇ ਇਸ਼ਕ ਹਕੀਕੀ, ਇਸ਼ਕ ਦਾ ਬਿਖੜਾ ਪੈਂਡਾ ਬੰਦਗੀ, ਇਬਾਦਤ, ਵਸਲ ਹਿਜਰ ਅਤੇ ਖੁਦਾ ਦੀ ਮਿਹਰ ਆਦਿ ਵਿਸ਼ੇ ਪ੍ਰਸਤੁਤ ਕੀਤੇ ਗਏ ਹੁੰਦੇ ਹਨ। ਸ਼ਾਹ ਹੁਸੈਨ, ਬੱਲ੍ਹੇ ਸ਼ਾਹ, ਸ਼ਾਹ ਸ਼ਰਫ ਬਟਾਲਵੀ, ਗੁਲਾਮ ਫ਼ਰੀਦ, ਹਾਸ਼ਮ ਸ਼ਾਹ ਅਤੇ ਮੀਰਾ ਸ਼ਾਹ ਜਲੰਧਰੀ ਆਦਿ ਸੂਫ਼ੀ ਕਵੀਆਂ ਨੇ ਕਾਫੀ ਕਾਵਿ ਰੂਪ ਦੀ ਰਚਨਾ ਕੀਤੀ ਹੈ ਜਿਵੇਂ

> ਨੀ ਮਾਏ, ਮੈਨੂੰ ਖੇੜਿਆ ਦੀ ਗੱਲ ਨਾ ਆਖਿ।। ਰਹਾਉ।
> ਰਾਂਝਣ ਮੈਂਹਡਾ, ਮੈ ਰਾਂਝਣ ਦੀ, ਖੇੜਿਆ ਨੂੰ ਕੂੜੀ ਝਾਕੁ
> ਲੋਕ ਜਾਣੇ ਹੀਰ ਕਮਲੀ ਹੋਈ,ਹੀਰੇ ਦਾ ਵਰੁ ਚਾਕੁ
> ਕਹੈ ਹੁਸੈਨ ਫ਼ਕੀਰ ਸਾਈਂ ਦਾ ਜਾਣਦਾ ਮਉਲਾ ਆਪ

## ਸਹੀਰਫ਼ੀ

ਇਹ ਕਾਵਿ-ਰੂਪ ਅਰਬੀ ਫ਼ਾਰਸੀ ਦਾ ਵਰਣਮਾਲਾ ਤੇ ਆਧਾਰਿਤ ਹੈ। ''ਸੀਹਰਫ਼ੀ ਸ਼ਬਦ 'ਸੀ' ਅਤੇ 'ਹਰਫ਼ੀ' ਦੇ ਅੱਖਰਾਂ ਦਾ ਸੁਮੇਲ ਹੈ। 'ਸੀ' ਤੋਂ ਭਾਵ ਹੈ ਤੀਹ ਅਤੇ 'ਹਰਫੀ' ਤੋਂ ਭਾਵ ਅੱਖਰਾਂ ਵਾਲੀ। ਅਰਬੀ ਵਰਣਮਾਲਾ ਦੇ ਤੀਹ ਅੱਖਰ ਹੁੰਦੇ ਹਨ। ਇਸ ਤਰ੍ਹਾਂ ਅਰਬੀ-ਫ਼ਾਰਸੀ ਵਰਣਮਾਲਾ ਦੇ ਅੱਖਰਾਂ ਤੇ

ਵਿਆਖਿਆ ਰੂਪ ਵਿਚ ਲਿਖੀ ਕਵਿਤਾ ਸ਼ਹੀਰਫੀ ਹੈ।''[8] ਇਸ ਕਾਵਿ ਰੂਪ ਦੁਆਰਾ ਸੂਫ਼ੀ ਕਵੀਆਂ ਨੇ ਇਸ਼ਕ ਹਕੀਕੀ ਤੇ ਮਜ਼ਾਜੀ, ਅੱਲਾਂ ਤੇ ਮੁਰਸ਼ਦ ਦੀ ਪ੍ਰਾਪਤੀ ਅਤੇ ਉਪਦੇਸ਼ਾਤਮਕ ਸੂਫ਼ੀ ਵਿਚਾਰਾਂ ਨੂੰ ਦਰਸਾਇਆ ਹੈ। ਇਸ ਕਾਵਿ ਰੂਪ ਦੁਆਰਾ ਸਭ ਤੋਂ ਪਹਿਲਾਂ ਸੁਲਤਾਨ ਬਾਹੂ ਨੇ ਆਪਣੇ ਸੂਫ਼ੀ ਵਿਚਾਰ ਪ੍ਰਗਟਾਏ ਸਨ। ਉਸਨੇ ਇਸ ਕਾਵਿ ਰੂਪ ਦੁਆਰਾ ਖੁਦਾਂ ਨਾਲੋਂ ਮੁਰਸ਼ਦ ਦੀ ਪ੍ਰਾਪਤ ਤੇ ਜ਼ੋਰ ਦਿੱਤਾ, ਕਿਉਂਕਿ ਖ਼ੁਦਾ ਦੀ ਪ੍ਰਾਪਤੀ ਵੀ ਮੁਰਸ਼ਦ ਦੇ ਮਾਰਗ ਦਰਸ਼ਨ ਹੁੰਦੀ ਹੈ। ਉਹ ਲਿਖਦਾ ਹੈ :-

ਅਲਫ- ਅੱਲ੍ਹਾ ਚੰਬੇ ਦਪ ਬੂਟੀ, ਮੁਰਸ਼ਦ ਮਨ ਵਿੱਚ ਲਾਈ ਹੂ
ਨਫ਼ੀ ਅਸਬਾਤ ਦਾ ਪਾਣੀ ਮਿਲਿਓਸ, ਹਰ ਰੰਗੇ ਹਰ ਜਾਈ ਹੂ।

**ਬਾਰਾਂਮਾਹ**

ਬਾਰਾਂਮਾਹ ਕਾਵਿ ਰੂਪ ਸੂਫ਼ੀ ਤੇ ਗੁਰਮਤਿ ਕਾਵਿ ਦਾ ਸਾਂਝਾ ਕਾਵਿ ਰੂਪ ਹੈ। ਇਹ ਅਜਿਹਾ ਕਾਵਿ ਰੂਪ ਹੈ ਜਿਸਨੂੰ ਸਾਲ ਦੇ ਬਾਰ੍ਹਾਂ ਮਹੀਨਿਆ ਦੇ ਸੰਦਰਭ ਵਿੱਚ ਸਿਰਜਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ''ਬਾਰਾਂਮਾਹ ਤੋਂ ਭਾਵ ਬਾਰਾਂ ਮਹੀਨਿਆਂ ਵਿਚ ਹੋਣ ਵਾਲਾ, ਭਾਵ ਉਹ ਰਚਨਾ ਜਿਸ ਵਿੱਚ ਬਾਰਾਂ ਮਹੀਨਿਆਂ ਨੂੰ ਆਧਾਰ ਬਣਾਇਆ ਗਿਆ ਹੋਵੇ।''[9] ਹਿੰਦੀ ਸਾਹਿਤ ਕੋਸ਼ ਅਨੁਸਾਰ, ''ਬਾਰਾਂਮਾਹ ਲੋਕ ਗੀਤਾਂ ਦੀ ਉਹ ਕਿਸਮ ਹੈ, ਜਿਸ ਵਿਚ ਕਿਸੇ ਬਿਰਹਣੀ ਇਸਤਰੀ ਦੇ ਸਾਲ ਦੇ ਹਰ ਮਹੀਨੇ ਵਿੱਚ ਅਨੁਭਵ ਕੀਤੇ ਦੁੱਖਾਂ ਦੇ ਹਿਰਦੇ ਦੀਆਂ ਵੇਦਨਾਵਾਂ ਦਾ ਬਿਆਨ ਕੀਤਾ ਹੁੰਦਾ ਹੈ। ਕਿਉਂਕਿ ਇਹਨਾਂ ਗੀਤਾਂ ਵਿੱਚ ਸਾਲ ਦੇ ਬਾਰ੍ਹਾਂ ਮਹੀਨਿਆ ਦੇ ਦੁੱਖਾਂ ਦਾ ਵਰਣਨ ਹੁੰਦਾ ਹੈ, ਇਸ ਲਈ ਇਸ ਨੂੰ ਬਾਰਾਂਮਾਹ ਦਾ ਨਾਮ ਦਿੱਤਾ ਗਿਆ ਹੈ।''[10] ਉਦਾਹਰਨ ਲਈ ਬੁੱਲ੍ਹੇ ਸ਼ਾਹ ਰਚਿਤ ਬਾਰਾਂਮਾਹ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਹਨ

ਭਾਦੋਂ ਭਾਵੇ ਤਬ ਸਖੀ ਜੋ ਪਲ ਪਲ ਹੋਵੇ ਮਿਲਾਪ।
ਜੋ ਘਟ ਦੇਖੂੰ ਖੋਲ੍ਹ ਕੇ ਘਟ ਘਟ ਕੇ ਵਿੱਚ ਆਪੇ।

ਆ ਹੁਣ ਭਾਦੋਂ ਜਾਗ ਜਗਾਇਆ, ਸਾਹਿਬ ਕੁਦਰਤ ਸੇਤੀ ਪਾਇਆ
ਇਸੇ ਤਰ੍ਹਾਂ ਸੂਫ਼ੀ ਕਵੀ ਫ਼ਰਦ ਫ਼ਕੀਰ ਲਿਖਦਾ ਹੈ

ਚੜ੍ਹਿਆ ਮਾਹਿ ਵੈਸਾਖ ਸੁਹਾਵਣਾ,
ਅਸਾਂ ਨਿਤ ਤੇਰਾ ਗ਼ਮ ਖਾਵਣਾ।

**ਸਤਵਾਰਾਂ/ਅਠਵਾਰਾਂ**

ਇਹ ਪੰਜਾਬੀ ਸੂਫ਼ੀ ਕਵੀਆਂ ਦਾ ਹਫ਼ਤੇ ਦੇ ਸੱਤ ਦਿਨਾਂ ਤੇ ਆਧਾਰਿਤ ਕਾਵਿ ਰੂਪ ਹੈ। ਡਾ: ਹਰਪ੍ਰੀਤ ਰੂਬੀ ਦੇ ਸ਼ਬਦਾਂ ਵਿੱਚ, ''ਸਤਵਾਰਾ ਕਾਵਿ-ਰੂਪ ਇਕ ਲੋਕ ਕਾਵਿ ਰੂਪ ਹੈ, ਜਿਸ ਦੀ ਸਿਰਜਨਾ ਲੋਕ ਮਨ ਦੀ ਅਭਿਵਿਅਕਤੀ ਵਿੱਚੋਂ ਹੋਈ ਮੰਨੀ ਜਾਂਦੀ ਹੈ ਕਿਉਂ ਜੋ ਲੋਕ ਮਨ ਸਾਂਸਕ੍ਰਿਤਕ, ਸਭਿਆਚਾਰਕ ਸਿਰਜਨਾਵਾਂ ਤੋਂ ਪ੍ਰਭਾਵਿਤ ਹੁੰਦਾ ਰਹਿੰਦਾ ਹੈ। ਸਤਵਾਰਾਂ ਕਾਵਿ ਰੂਪ ਦੀ ਉਤਪਤੀ ਵੀ ਲੋਕਚਿਤ ਦੀ ਆਤਮ ਅਭਿਵਿਅਕਤੀ ਦੇ ਰੂਪ ਵਿੱਚ ਹੋਈ ਮਿਲਦੀ ਹੈ। ਹਫ਼ਤੇ ਦੇ 'ਵਾਰਾਂ' ਨਾਲ ਸਬੰਧਿਤ ਕੁਝ ਵਿਚਾਰ, ਵਹਿਮ ਭਰਮ, ਵਿਸ਼ਵਾਸ, ਚੰਗੀ-ਮੰਦੀ ਭਾਵਨਾ, ਮੰਨ-ਮਨੌਤਾਂ ਜਾਂ ਵਿਚਾਰ ਭਾਵਨਾ ਆਦਿ ਜਿਸ ਲੋਕ ਗੀਤ ਵਿੱਚੋਂ ਪ੍ਰਗਟ ਹੋਈ, ਉਸ ਲੋਕ ਗੀਤ ਤੋਂ ਹੀ 'ਸਤਵਾਰਾਂ' ਕਾਵਿ ਰੂਪ ਦਾ ਜਨਮ ਹੋਇਆ।''[11] ਜਿਵੇਂ

ਸੋਮਵਾਰ – ਸੋਮਵਾਰ ਨਾ ਜਾਈਏ ਪਹਾੜ,
ਜਿੱਤੀ ਬਾਜ਼ੀ ਜਾਈਏ ਹਾਰ।
.................................................
ਬੁੱਧਵਾਰ – ਬੁੱਧ ਕੰਮ ਸ਼ੁੱਧ।
.................................................
ਐਤਵਾਰ – ਬੁੱਧ, ਸ਼ਨਿੱਚਰ ਕੱਪੜਾ,
ਗਹਿਣਾ ਐਤਵਾਰ।

ਪੰਜਾਬੀ ਸੂਫ਼ੀ ਕਾਵਿ ਧਾਰਾ ਵਿਚ ਸਤਵਾਰਾਂ ਕਾਵਿ ਰੂਪ ਵਾਲਾ ਪ੍ਰਥਮ ਕਵੀ ਬੁੱਲ੍ਹੇ ਸ਼ਾਹ ਹੈ। ਬੁੱਲ੍ਹੇ ਸ਼ਾਹ ਤੋਂ ਇਲਾਵਾ ਮੀਰਾ ਸ਼ਾਹ ਜਲੰਧਰੀ ਨੇ ਵੀ ਇਸ ਕਾਵਿ ਰੂਪ ਦੀ ਸਿਰਜਣਾ ਕੀਤੀ ਹੈ। ਜਿਵੇ:

ਛਨਿਚਵਾਰ, ਉਡੀਕਦੀ, ਨਿੱਤ ਮਨਮੋਹਨ ਯਾਰ,
ਬਿਰਹੋਂ ਘੁੰਮਣ ਘੇਰੀਆਂ, ਮੋਹੇ ਸੁਝੇ ਆਰ ਨਾ ਪਰ।

ਅਠਵਾਰਾਂ ਕਾਵਿ ਰੂਪ ਦੀ ਉਤਪਤੀ ਸਤਵਾਰਾ ਕਾਵਿ ਰੂਪ ਵਿੱਚੋਂ ਹੀ ਹੁੰਦੀ ਹੈ। ਡਾ. ਜਸਵੰਤ ਸਿੰਘ ਬੋਗੋਵਾਲ ਦੇ ਸ਼ਬਦਾਂ ਵਿੱਚ, ''ਕਈ ਵਾਰ ਸੱਤਾਂ ਵਾਰਾਂ ਦੇ ਖਤਮ ਹੋਣ ਤੇ ਕਵੀ ਕਿਸੇ ਵੀ ਇਕ ਵਾਰ ਦਾ ਦੁਬਾਰਾ ਨਾਂ ਵਰਤ ਕੇ ਮਿਲਾਪ ਦੀ ਅਵਸਥਾ ਦਾ ਬਿਆਨ ਕਰ ਜਾਂਦਾ ਹੈ। ਉਥੇ ਸੱਤਾਂ ਵਾਰਾਂ ਵਿੱਚ ਇਕ ਵਾਰ ਹੋਰ ਦਰਜ ਕਰਨ ਨਾਲ ਇਹ 'ਅਠਵਾਰਾਂ' ਬਣ ਜਾਂਦਾ ਹੈ।''[12] ਬੁੱਲ੍ਹੇ ਸ਼ਾਹ ਨੇ ਇਕ 'ਅਠਵਾਰੇ' ਦੀ ਰਚਨਾ ਕੀਤੀ ਹੈ, ਜਿਸ ਦਾ ਆਰੰਭ ਸ਼ਨੀਵਾਰ ਤੋਂ ਹੁੰਦਾ ਹੈ ਅਤੇ ਜੁੰਮੇ (ਸ਼ੁੱਕਰਵਾਰ) ਤੇ ਆ ਕੇ ਸਮਾਪਤ ਹੁੰਦਾ ਹੈ। ਇਸਦਾ ਆਰੰਭ ਬਿਰਹਾਂ ਨਾਲ ਹੁੰਦਾ ਹੈ ਅਤੇ ਵਿੱਚ ਅੰਤ ਜੁੰਮੇਰਾਤ ਨੂੰ ਇਲਾਹੀ ਮਸਤੀ ਅਤੇ ਰੱਬੀ ਮਿਲਾਪ ਦਾ ਜ਼ਿਮਰ ਕੀਤਾ ਜਾਂਦਾ ਹੈ, ਜਿਵੇਂ :-

**ਗੰਢਾਂ**

ਗੰਢਾਂ ਵਿਆਹ ਨਾਲ ਸਬੰਧਿਤ ਕਾਵਿ ਰੂਪ ਹੈ। ਆਦਿ ਕਾਲ ਵਿੱਚ ਜਦੋਂ ਲਿਪੀ ਦੀ ਅਣਹੋਂਦ ਸੀ ਤਾਂ ਚਿੱਤਰ ਲਿਪੀ ਅਤੇ ਚਿੰਨ੍ਹ ਲਿਪੀ ਵਾਂਗ ਗੰਢ ਲਿਪੀ ਦੀ ਵਰਤੋਂ ਕੀਤੀ ਜਾਂਦੀ ਸੀ। ਲੋਕ ਮਨੋਭਾਵਾਂ ਨੂੰ ਅਭਿਵਿਅਕਤ ਕਰਨ ਲਈ ਕੱਪੜੇ ਜਾਂ ਧਾਗੇ ਉੱਤੇ ਲੋੜ ਅਨੁਸਾਰ ਗੰਢਾਂ ਮਾਰਕੇ ਭੇਜਦੇ ਸਨ। ''ਚਿੰਨ੍ਹ ਲਿਪੀ ਦੀ ਕਾਢ ਤੋਂ ਬਾਅਦ ਇਹ ਮਨੋਭਾਵ ਆਦਿ ਲਿਖਤੀ ਰਪ ਵਿੱਚ ਲਿਖ ਕੇ ਸਮਝਾਏ ਜਾਣ ਲੱਗ ਪਏ। ਬਾਅਦ ਵਿੱਚ ਵਿਆਹ ਦੀਆਂ ਰਸਮਾਂ ਸੰਬੰਧੀ ਲਿਖ ਕੇ ਘੱਲੇ ਗਏ ਵੇਰਵੇ ਨੂੰ ਗੰਢਾਂ (ਗੰਢੀਆਂ) ਕਿਹਾ ਜਾਣ ਲੱਗ ਪਿਆ।'' [13] ਸੂਫ਼ੀ ਕਵੀ ਬੁੱਲ੍ਹੇ ਸ਼ਾਹ ਨੇ ਇਸ ਕਾਵਿ ਰੂਪ ਅਧੀਨ 40 ਗੰਢਾਂ ਦੀ ਰਚਨਾ ਕੀਤੀ। ਉਸਨੇ ਇਸ ਕਾਵਿ ਰੂਪ ਦੁਆਰਾ ਪ੍ਰਭੂ ਪਤੀ ਦੇ ਮਿਲਾਪ ਨੂੰ ਨਜ਼ਦੀਕ ਆ ਰਹੀ ਘੜੀ ਅਰਥਾਤ ਵਿਆਹ ਦੇ 'ਸਾਹੇ' ਦਾ ਪ੍ਰਤੀਕ ਮੰਨਿਆ ਹੈ। ਉਸਨੇ ਇਸ ਘੜੀ ਦੀ ਉਡੀਕ ਵਿਚ ਆਪਣੀ ਸੁਰਤੀ(ਧਿਆਨ) ਨੂੰ ਪ੍ਰਭੂ ਪਤੀ ਦੀ ਹੋਣ ਵਾਲੀ ਪਤਨੀ ਜੀਵਾਤਮਾ (ਸਾਹੇ ਬੰਨ੍ਹੀ ਮੁਟਿਆਰ) ਦਾ ਪ੍ਰਤੀਕ ਮੰਨਿਆ ਹੈ, ਜੋ ਵਿਆਹ ਤੋਂ ਪਹਿਲਾਂ ਆਪਣੇ ਅੰਤਰਮਨ ਵਿੱਚ ਸ਼ੰਕਾਗ੍ਰਸਤ ਭਾਵਾਂ ਨੂੰ ਅਭਿਵਿਅਕਤ ਕਰਦੀ ਹੈ:-

ਕਰ ਬਿਸਮਿਲਾਹ ਖੋਹਲੀਆਂ ਮੈਂ ਗੰਢਾਂ ਚਾਲੀ
ਜਿਸ ਆਪਣਾ ਆਪ ਵੰਞਾਇਆ ਸੋ ਸੁਰਜਨ ਵਾਲੀ
ਜੰਞ ਸੋਹਣੀ ਮੈਂ ਭਾਉਂਦੀ ਲਟਕੇਂਦਾਂ ਆਵੇ।
ਜਿਸ ਨੂੰ ਇਸ਼ਕ ਹੈ ਲਾਲ ਦਾ ਸੋ ਲਾਲ ਹੋ ਜਾਵੇ।

**ਦੋਹੜਾ**

ਪੰਜਾਬੀ ਸੂਫ਼ੀ ਕਾਵਿ ਰੂਪਾਂ ਵਿਚ 'ਦੋਹੜਾ' ਕਾਵਿ ਰੂਪ ਦੀ ਆਪਣੀ ਹੀ ਮਹੱਤਤਾ ਹੈ। ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ, ''ਦੋਹੜਾ ਪੰਜਾਬੀ ਦਾ ਇਕ ਮਾਤਰਿਕ ਛੰਦ ਹੈ, ਜਿਸ ਦੇ ਦੋ ਚਰਨ ਹੁੰਦੇ ਹਨ। ਪ੍ਰਤੀ ਚਰਨ ਵਿੱਚ 24 ਮਾਤਰਾਵਾਂ ਹੁੰਦੀਆਂ ਹਨ। ਪਹਿਲਾਂ ਵਿਸ਼ਰਾਮ 13 ਅਤੇ ਦੂਜਾ 11 ਉੱਤੇ ਹੁੰਦਾ ਹੈ ਅੰਤ ਗੁਰੂ ਲਘੂ। ਦੋਹਰੇ ਨੂੰ ਦੋਹਾ ਵੀ ਕਹਿ ਲੈਂਦੇ ਹਨ।''[14] ਇਸ ਕਾਵਿ ਰੂਪ ਦੀ ਰਚਨਾ ਹਾਸ਼ਮ ਸ਼ਾਹ, ਸੁਲਤਾਨ ਬਾਹੂ, ਮੁਹੰਮਦ ਬਖਸ਼ ਅਤੇ ਬੁੱਲ੍ਹੇ ਸ਼ਾਹ ਆਦਿ ਸੂਫ਼ੀ ਕਵੀਆਂ ਨੇ ਕੀਤੀ।

ਪੰਜਾਬੀ ਜਨ ਜੀਵਨ ਵਿੱਚ ਦੋਹੜੇ ਸੂਫ਼ੀ ਫ਼ਕੀਰਾਂ, ਸਾਧੂ ਅਤੇ ਮਹਾਤਮਾਵਾਂ ਦੀਆਂ ਮਜਲਿਸਾਂ ਦਾ ਸ਼ਿੰਗਾਰ ਰਹੇ ਹਨ। ਦੋਹੜਾ ਕਾਵਿ ਰੂਪ ਦਾ ਵਿਸ਼ਾ ਖੇਤਰ ਬਹੁਤ ਵਿਸ਼ਾਲ ਹੈ। ਇਸਦੇ ਅੰਤਰਗਤ ਰੱਬੀ ਇਸ਼ਕ(ਹਕੀਕੀ), ਇਸ਼ਕ ਮਜ਼ਾਜੀ, ਮੁਰਸ਼ਦ ਦੀ ਸ਼ਿਫ਼ਤ, ਇਸਲਾਮੀ ਕਰਮ ਕਾਂਡਾਂ ਦਾ ਖੰਡਨ ਅਤੇ ਬਿਹਰਾ ਆਦਿ ਵਿਸ਼ੇ ਆਉਂਦੇ ਹਨ। ਬੁੱਲ੍ਹੇ ਸ਼ਾਹ ਦੇ ਦੋਹੜਿਆਂ ਦੀ ਉਦਾਹਰਨ-

ਨਾ ਖੁਦਾ ਮਸੀਤੇ ਲੱਭਦਾ ਨਾ ਖੁਦਾ ਵਿੱਚ ਕਾਅਬੇ
ਨਾ ਖੁਦਾ ਕੁਰਾਨ ਕਿਤਾਬਾਂ ਨਾ ਖੁਦਾ ਨਿਮਾਜ਼ੇ।

ਡਿਓਢ

ਇਹ ਪ੍ਰਸਿੱਧ ਸੂਫ਼ੀ ਕਵੀ ਹਾਸ਼ਮ ਸ਼ਾਹ ਦਾ ਹਰਮਨ ਪਿਆਰਾ ਕਾਵਿ ਰੂਪ ਹੈ। ਉਸਨੇ 7 ਡਿਓਢਾਂ ਦੀ ਰਚਨਾ ਕੀਤੀ ਹੈ। ਇਸ ਕਾਵਿ ਰੂਪ ਦੀ 'ਦੋਹਰਾ' ਕਾਵਿ-ਰੂਪ ਨਾਲ ਕੁਝ ਸਮਾਨਤਾ ਹੈ ਕਿਉਂਕਿ ਇਹ ਵੀ ਮਾਤਰਿਕ ਛੰਦ ਹੈ। ਉਸਦੀਆਂ 24 ਮਾਤਰਾਵਾਂ ਹੁੰਦੀਆਂ ਹਨ ਤੇ ਡਿਓਢ ਦੀਆਂ 36 ਮਾਤਰਾਵਾਂ ਹੁੰਦੀਆਂ ਹਨ। ਇਸ ਕਾਵਿ ਰੂਪ ਵਿਚ ਤੁਕਾਂਤ ਮੇਲ ਨਾਲ ਸੰਗੀਤ ਤੇ ਲੈਅ ਪੈਦਾ ਹੁੰਦੀ ਹੈ ਜੋ ਪਾਠਕ ਦੀ ਸੁਹਜ-ਤ੍ਰਿਪਤੀ ਕਰਦੀ ਹੈ। ਇਸ ਕਾਵਿ ਰੂਪ

ਵਿੱਚ ਵਸਲ-ਹਿਜਰ (ਮਿਲਾਪ-ਵਿਛੋੜਾ) ਦੋਵਾਂ ਅਵਸਥਾਵਾਂ ਨੂੰ ਰੂਪਮਾਨ ਕੀਤਾ ਜਾਂਦਾ ਹੈ, ਜਿਵੇਂ-

ਮਜਨੂੰ ਦਰ ਦੀਵਾਨਾ ਲੈਲਾ,
ਮੈਂ ਗਿਰਦ ਦੁੱਖਾਂ ਦਾ ਘੇਰਾ, ਤੇ ਕੈਦ ਚੁਫੇਰਾ

ਤੂਤੀਆਂ

ਇਸ ਕਾਵਿ ਰੂਪ ਤੇ ਵਜੀਦ ਨੇ ਕਲਮ ਅਜ਼ਮਾਈ। ਉਸਨੇ ਉਪਦੇਸ਼ਾਤਮਕ ਸੁਰ ਵਿੱਚ ਤੂਤੀਏ ਰਚੇ, ਜਿਹਨਾਂ ਦੀ ਸੂਫ਼ੀ ਕਾਵਿ ਵਿੱਚ ਪਛਾਣ 'ਤੂਤੀਏ ਵਜੀਦ ਕੇ' ਵਜੋਂ ਹੈ। ''ਤੂਤੀਆਂ ਚਾਰ ਸਤਰਾਂ ਦਾ ਹੁੰਦਾ ਹੇ। ਪਹਿਲੀ/ਦੂਜੀ ਤੁਕ ਦਾ ਤੁਕਾਂਤ ਆਪਸ ਵਿੱਚ ਮਿਲਦਾ ਹੈ ਅਤੇ ਤੀਜੀ/ਚੌਥੀ ਦਾ ਤੁਕਾਂਤ ਆਪਸ ਵਿੱਚ ਮਿਲਦਾ ਹੈ। ਪ੍ਰਤੀਤ ਹੁੰਦਾ ਹੈ ਕਿ ਤੂਤੀਏ ਉੱਚੀ ਅਵਾਜ਼ ਵਿੱਚ ਗਾਏ ਜਾਂਦੇ ਹੋਣਗੇ, ਜਿਵੇਂ ਤੂਤੀ ਦੀ ਅਵਾਜ਼ ਨਾਲ ਕਿਸੇ ਨੂੰ ਕੁਝ ਦੱਸਣਾ ਹੁੰਦਾ ਹੈ। ਬੁਲੰਦ ਆਵਾਜ਼ ਵਿੱਚ ਕਿਸ ਸਦੀਵੀ ਸੱਚ ਨੂੰ ਬਿਆਨ ਕਰਦੇ ਹਨ।''[15] ਵਜੀਦ ਲਿਖਦਾ ਹੈ

ਝੂਠੀ ਦੁਨੀਆਂ ਦੇਖਿ, ਨ ਗਾਰਬ ਕੀਜੀਐ।
ਅੰਤ ਖ਼ਾਕ ਦਰ ਖ਼ਾਕ, ਸਮਝ ਮਨ ਲੀਜੀਐ।
ਹਰ ਦਮ ਅੰਦਰ ਸਾਹਿਬ, ਸਦਾ ਚਿਤਾਰੀਐ।
ਓਜੀਦਾ ਇਹ ਰਤਨ ਅਮਲੋਕ ਜਨ, ਨ ਜੂਐ ਹਾਰੀਐ।

ਉਪਰੋਕਤ ਤੋਂ ਇਲਾਵਾਂ ਅੜਿਲ, ਨਜ਼ਮ, ਗਜ਼ਲ, ਰੋਸ਼ਨ ਦਿਲ ਅਤੇ ਕਸਬਨਾਮਾ ਆਦਿ ਕਾਵਿ ਰੂਪ ਵੀ ਸੂਫ਼ੀ ਕਾਵਿ ਵਿਚ ਥੋੜ੍ਹੀ ਬਹੁਤ ਮਾਤਰਾ ਵਿਚ ਰਚੇ ਗਏ ਹਨ।

ਅੰਤ ਵਿੱਚ ਕਹਿ ਸਕਦੇ ਹਾਂ ਕਿ ਵਿਸ਼ਿਆਂ ਪੱਖੋ ਕੁਝ ਕਾਵਿ ਰੂਪਾਂ ਵਿੱਚ ਸਾਂਝ ਹੁੰਦਿਆਂਫ਼ਾਂ ਹੋਇਆ ਵੀ ਹਰੇਕ ਕਾਵਿ-ਰੂਪ ਵਿਲੱਖਣਤਾ ਦਾ ਧਾਰਨੀ ਹੈ। ਇਹਨਾਂ ਵਿੱਚ ਸਾਂਝ ਹੋਣੀ ਸੁਭਾਵਿਕ ਹੈ ਕਿਉਂਕਿ ਹਰੇਕ ਕਾਵਿ-ਰੂਪ ਦੀ ਉਤਪਤੀ ਸੂਫ਼ੀ ਕਵੀਆਂ ਦੇ ਵਿਚਾਰਾਂ ਨੂੰ ਲਿਪੀਬੱਧ ਕਰਨ ਨਾਲ ਹੋਈ ਹੈ। ਸਮੁੱਚੇ ਕਾਵਿ-ਰੂਪ ਕਾਵਿ ਦਾ ਅਨਮੋਲ ਖਜ਼ਾਨਾ ਹਨ।

**ਹਵਾਲੇ ਤੇ ਟਿੱਪਣੀਆਂ**


1. ਡਾ. ਸੁਰਿੰਦਰ ਸਿੰਘ ਕੋਹਲੀ(ਸੰਪਾ.), ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ), ਪੰਨੇ 156-157
2. ਉਧਰਿਤ, ਡਾ. ਹਰਪ੍ਰੀਤ ਰੂਬੀ, ਪੰਜਾਬੀ ਕਾਵਿ ਦਾ ਸੰਚਾਰ ਵਿਧਾਨ, ਪੰਨਾ 85
3. ਡਾ. ਸਤਿੰਦਰ ਸਿੰਘ, ਵਿਹਾਰਕ ਸਮੀਖਿਆ, ਕਵਿਤਾ ਤੇ ਵਾਰਤਕ, ਪੰਨਾ 4
4. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 172
5. ਡਾ.ਰਤਨ ਸਿੰਘ ਜੱਗੀ, (ਸੰਪਾ.), ਸਾਹਿਤ ਕੋਸ਼ਃ ਪਰਿਭਾਸ਼ਿਕ ਸ਼ਬਦਾਵਾਲੀ, ਪੰਨਾ 176
6. ਭਾਈ ਕਾਨ੍ਹ ਸਿੰਘ ਨਾਭਾ, ਉਹੀ, ਪੰਨਾ 319
7. ਡਾ. ਪਰਮਿੰਦਰ ਸਿੰਘ (ਸੰਪਾ.), ਪੰਜਾਬੀ ਸਮਾਲੋਚਨਾ ਸਿਧਾਂਤ ਤੇ ਸਰੂਪ, ਪੰਨੇ 11-12
8. ਭਾਈ ਕਾਨ੍ਹ ਸਿੰਘ ਨਾਭਾ, ਉਹੀ, ਪੰਨਾ 855
9. ਉਹੀ, ਪੰਨਾ 293
10. ਹਿੰਦੀ ਸਾਹਿਤਯ ਕੋਸ਼, ਪੰਨਾ 556
11. ਡਾ. ਹਰਪ੍ਰੀਤ ਰੂਬੀ, ਉਹੀ, ਪੰਨਾ 109
12. ਡਾ.ਜਸਵੰਤ ਸਿੰਘ ਬੇਗੋਵਾਲ, ਪਿੰਗਲ ਅਤੇ ਸਾਹਿਤ ਭੇਦ, ਪੰਨਾ 106
13. ਡਾ. ਰਤਨ ਸਿੰਘ ਜੱਗੀ (ਸੰਪਾ.) ਉਹੀ, ਪੰਨਾ 400
14. ਉਹੀ, ਪੰਨਾ 625
15. ਹਰਪ੍ਰੀਤ ਰੂਬੀ, ਉਹੀ, ਪੰਨਾ 117-118